**ਬੀ.ਏ. ਭਾਗ ਤੀਜਾ, ਪੰਜਾਬੀ ਲਾਜ਼ਮੀ (ਸਮੈਸਟਰ ਪੰਜਵਾਂ ਤੇ ਛੇਵਾਂ)**

**ਪੰਜਾਬੀ ਯੂਨੀਵਰਸਿਟੀ ਦੇ ਕਾਂਸਟੀਚਿਊਂਟ ਕਾਲਜਾਂ/ਮਾਨਤਾ ਪ੍ਰਾਪਤ ਕਾਲਜਾਂ ਅਤੇ ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਦੇ ਵਿਦਿਆਰਥੀਆਂ ਲਈ**

**ਸੈਸ਼ਨ 2025-2026**

**ਬੀ.ਏ. ਭਾਗ ਤੀਜਾ, ਪੰਜਾਬੀ ਲਾਜ਼ਮੀ (ਸਮੈਸਟਰ ਪੰਜਵਾਂ)**

ਕੁਲ ਅੰਕ : 100

ਅੰਦਰੂਨੀ ਮੁਲਾਂਕਣ : 30 ਅੰਕ

ਬਾਹਰੀ ਪਰੀਖਿਆ: 70 ਅੰਕ

ਸਮਾਂ : 3 ਘੰਟੇ

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35

ਅਧਿਆਪਨ: 06 ਪੀਰੀਅਡ ਪ੍ਰਤੀ ਹਫਤਾ

ਕੁੱਲ 04 ਕ੍ਰੈਡਿਟ

**ਪਾਠਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ**

**ਭਾਗ -ੳ**

1. ਇਸ ਭਾਗ ਵਿਚ ਵਿਦਿਅਰਥੀ ਨੂੰ ਮੱਧਕਾਲ ਦੇ ਵਾਰਤਕ ਰੂਪਾਂ; ਜਨਮ ਸਾਖੀ, ਸਾਖੀ, ਪਰਚੀ, ਗੋਸ਼ਟਿ, ਹੁਕਮਨਾਮਾ ਅਤੇ ਆਧੁਨਿਕ ਕਾਲ ਦੇ ਵਾਰਤਕ ਰੂਪਾਂ ਨਿਬੰਧ, ਜੀਵਨੀ, ਸਵੈਜੀਵਨੀ, ਰੇਖਾ-ਚਿੱਤਰ, ਖ਼ਤ, ਡਾਇਰੀ ਆਦਿ ਵੱਖ ਵੱਖ ਵਾਤਰਕ ਵੰਨਗੀਆਂ ਦੇ ਸਰੂਪ, ਸਿਧਾਂਤ ਤੇ ਪ੍ਰਕਾਰਜ ਬਾਰੇ ਜਾਣਕਾਰੀ ਇਸ ਤਰ੍ਹਾਂ ਦਿੱਤੀ ਜਾਵੇਗੀ ਕਿ ਵਿਦਿਥਾਰਥੀ ਨੂੰ ਇਨ੍ਹਾਂ ਵਿਚਲੇ ਅੰਤਰ ਬਾਰੇ ਸਪਸ਼ਟਤਾ ਹਾਸਿਲ ਹੋ ਜਾਵੇ। ਦਿੱਤੀਆਂ ਵਿਚੋਂ ਤਿੰਨ ਵੰਨਗੀਆਂ ਦੇ ਕੇ ਕਿਸੇ ਇੱਕ ਬਾਰੇ ਲਿਖਣ ਲਈ ਕਿਹਾ ਜਾਵੇਗਾ ਜਾਂ ਕੋਈ ਦੋ ਵੰਨਗੀਆਂ ਦੇ ਕੇ ਉਨ੍ਹਾਂ ਵਿਚਲੇ ਅੰਤਰ ਨੂੰ ਸਪਸ਼ਟ ਕਰਨ ਸੰਬੰਧੀ ਵੀ ਸਵਾਲ ਪੁੱਛਿਆ ਜਾ ਸਕਦਾ ਹੈ। 12 ਅੰਕ
2. ਮਾਤ ਭਾਸ਼ਾ ਦੀ ਮਹੱਤਤਾ ਬਾਰੇ ਪੁਸਤਕ: **ਭਾਸ਼ਾ ਨੀਤੀ ਬਾਰੇ ਅੰਤਰਰਾਸ਼ਟਰੀ ਖੋਜ**, ਪ੍ਰੋਫ਼ੈਸਰ ਜੋਗਾ ਸਿੰਘ, ਚੇਤਨਾ ਪ੍ਰਕਾਸ਼ਨ ਜਾਂ ਬਿਬੇਕਗੜ੍ਹ ਪ੍ਰਕਾਸ਼ਨ। 12 ਅੰਕ

**ਭਾਗ -ਅ**

ਅ- 1. ਸਿਰਜਣਾਤਮਕ ਲੇਖਣ (ਅਧਿਆਪਕ ਵਿਦਿਆਰਥੀਆਂ ਨੂੰ ਕਵਿਤਾ, ਕਹਾਣੀ, ਇਕਾਂਗੀ ਅਤੇ ਨਿਬੰਧ ਲਿਖਣ ਦੀ ਕਲਾ ਸਿਖਾਵੇਗਾ ਅਤੇ ਪਰੀਖਿਆ ਵਿਚ 3-5 ਸ਼ਬਦ ਜਾਂ ਵਾਕੰਸ਼ ਦੇ ਕੇ ਉਨ੍ਹਾਂ ਦੇ ਆਧਾਰ 'ਤੇ ਕਲਪਨਾ ਸ਼ਕਤੀ ਨੂੰ ਵਰਤਦਿਆਂ ਵਿਦਿਆਰਥੀ ਨੂੰ ਕਹਾਣੀ, ਕਵਿਤਾ, ਇਕਾਂਗੀ ਜਾਂ ਨਿਬੰਧ ਰਚਨਾ ਕਰਨ ਲਈ ਕਿਹਾ ਜਾਵੇਗਾ। 12 ਅੰਕ

(ਭਾਗ ਅ ਦੇ ਆਧਾਰ 'ਤੇ ਵਿਦਿਆਰਥੀ ਘੱਟ ਤੋਂ ਘੱਟ 20 ਪੰਨਿਆਂ ਦੀ ਇੱਕ ਸਿਰਜਣਾਤਮਕ ਲੇਖਣ ਦੀ ਡਾਇਰੀ/ਸਕਰੈਪ ਬੁੱਕ ਤਿਆਰ ਕਰੇਗਾ, ਜਿਸ ਵਿਚ ਹਰ ਵੰਨਗੀ (ਕਹਾਣੀ, ਕਵਿਤਾ, ਇਕਾਂਗੀ ਤੇ ਨਿਬੰਧ) ਦੀਆਂ ਘੱਟ ਤੋਂ ਘੱਟ ਦੋ ਰਚਨਾਵਾਂ ਜ਼ਰੂਰ ਸ਼ਾਮਿਲ ਕਰੇਗਾ। ਜਿਸ ਵੰਨਗੀ ਵਿਚ ਉਸ ਨੂੰ ਮੁਹਾਰਤ ਮਹਿਸੂਸ ਹੁੰਦੀ ਹੈ, ਉਸ ਵਿਚ ਵਧੇਰੇ ਰਚਨਾਵਾਂ ਸ਼ਾਮਿਲ ਕਰ ਸਕਦਾ ਹੋਵੇਗਾ। ਅੰਦਰੂਨੀ ਮੁਲਾਂਕਣ ਦੇ ਅਸਾਈਨਮੈਂਟ ਦੇ ਅੰਕ ਇਸ ਡਾਇਰੀ/ਸਕਰੈਪ ਬੁੱਕ ਦੇ ਆਧਾਰ 'ਤੇ ਦਿੱਤੇ ਜਾਣਗੇ।

ਅ-2. ਵਿਆਕਰਣ:

I) ਸ਼ਬਦ ਬਣਤਰ ਤੇ ਸ਼ਬਦ ਰਚਨਾ: ਪਰਿਭਾਸ਼ਾ, ਮੁੱਢਲੇ ਸੰਕਲਪ (ਮੂਲ ਰੂਪ ਜਾਂ ਧਾਤੂ, ਅਗੇਤਰ, ਪਿਛੇਤਰ, ਵਿਉਂਤਪਤ ਤੇ ਰੂਪਾਂਤਰਣੀ ਰੂਪ) 4 ਅੰ

II) ਵਾਕੰਸ਼: ਪਰਿਭਾਸ਼ਾ ਅਤੇ ਵੰਨਗੀਆਂ

i. ਨਾਂਵ ਵਾਕੰਸ਼: ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ

**ਬੀ.ਏ. ਭਾਗ ਤੀਜਾ, ਪੰਜਾਬੀ ਲਾਜ਼ਮੀ (ਸਮੈਸਟਰ ਪੰਜਵਾਂ ਤੇ ਛੇਵਾਂ)**

**ਪੰਜਾਬੀ ਯੂਨੀਵਰਸਿਟੀ ਦੇ ਕਾਂਸਟੀਚਿਊਂਟ ਕਾਲਜਾਂ/ਮਾਨਤਾ ਪ੍ਰਾਪਤ ਕਾਲਜਾਂ ਅਤੇ ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਦੇ ਵਿਦਿਆਰਥੀਆਂ ਲਈ**

**ਸੈਸ਼ਨ 2025-2026**

ii. ਕਿਰਿਆ ਵਾਕੰਸ਼: ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ 4 ਅੰਕ

III) ਕਾਰਕ ਅਤੇ ਕਾਰਕੀ ਸੰਬੰਧ 4 ਅੰਕ

(4+4+4=12 ਅੰਕ)

**ਭਾਗ -ੲ**

ਉਪਰੋਕਤ ਸਿਲੇਬਸ ਅਧਾਰਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ। 11×2=22 ਅੰਕ

**ਅੰਕ ਵੰਡ ਅਤੇ ਪੇਪਰ ਸੈਟਰ ਲਈ ਹਦਾਇਤਾਂ**

1. ਵਾਰਤਕ ਵੰਨਗੀਆਂ ਦੇ ਸਰੂਪ, ਸਿਧਾਂਤ ਤੇ ਪ੍ਰਕਾਰਜ ਬਾਰੇ ਸਵਾਲ (3 ਵਿਚੋਂ 1) 12 ਅੰਕ
2. ਮਾਤ ਭਾਸ਼ਾ ਦੀ ਮਹੱਤਤਾ ਬਾਰੇ ਪੁਸਤਕ: **ਭਾਸ਼ਾ ਨੀਤੀ ਬਾਰੇ ਅੰਤਰਰਾਸ਼ਟਰੀ ਖੋਜ** ਪੁਸਤਕ ਦੇ ਕਿਸੇ ਲੇਖ ਬਾਰੇ ਲਿਖਣ ਲਈ ਕਿਹਾ ਜਾਵੇਗਾ। (ਤਿੰਨ 'ਚੋਂ ਇੱਕ) 12 ਅੰਕ
3. ਸਿਜਰਣਾਤਮਕ ਲੇਖਣ: ਕੋਈ ਪੰਜ ਸ਼ਬਦ/ਵਾਕੰਸ਼ ਦੇ ਕੇ ਉਨ੍ਹਾਂ ਦੇ ਆਧਾਰ 'ਤੇ ਕਵਿਤਾ, ਕਹਾਣੀ, ਇਕਾਂਗੀ ਜਾਂ ਲੇਖ/ਨਿਬੰਧ ਲਿਖਣ ਲਈ ਕਿਹਾ ਜਾਵੇਗਾ। 12 ਅੰਕ
4. ਪਾਠਕ੍ਰਮ ਦੇ ਭਾਗ ਅ-2 ਦੇ ਤਿੰਨੇ ਉਪਭਾਗਾਂ ਵਿਚੋਂ ਹਰ ਭਾਗ ਵਿਚੋਂ 2-2 ਪ੍ਰਸ਼ਨ ਪੁੱਛੇ ਜਾਣਗੇ। ਹਰ ਇੱਕ ਉਪਭਾਗ ਵਿਚੋਂ ਵਿਦਿਆਰਥੀ 1-1 ਪ੍ਰਸ਼ਨ ਦਾ ਸੰਖੇਪ ਵਿਚ ਉੱਤਰ ਦੇਵੇਗਾ। ਇਸ ਪ੍ਰਸ਼ਨ ਵਿਚ ਵਿਆਕਰਣ ਦੇ ਸੰਕਲਪਾਂ ਦੀ ਪਰਿਭਾਸ਼ਾ, ਬਣਤਰ ਤੇ ਪ੍ਰਕਾਰਜ ਬਾਰੇ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਨ੍ਹਾਂ ਨੂੰ ਉਦਾਹਰਣ ਸਹਿਤ ਸਪਸ਼ਟ ਕਰਨ ਲਈ ਕਿਹਾ ਜਾਵੇਗਾ। 4+4+4= 12 ਅੰਕ

5. ਭਾਗ ੳ ਦੇ ਵਾਰਤਕ ਸਿਧਾਂਤ ਅਤੇ ਪਾਠ ਪੁਸਤਕ 'ਵਾਰਤਕੀ' ਵਾਲੇ ਭਾਗ ਵਿਚੋਂ 6 ਅਤੇ ਭਾਗ ਅ-2 ਦੇ ਵਿਆਕਰਨ ਵਾਲੇ ਭਾਗ ਵਿਚੋਂ 5 (ਕੁਲ 11 ) ਸੰਖੇਪ ਉਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ। ਪ੍ਰੀਖਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉਤਰ ਦੇਣੇ (4-6 ਸਤਰਾਂ ਵਿਚ) ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ ਦੋ ਅੰਕ ਹਨ। 11×2=22 ਅੰਕ

**ਸਹਾਇਕ ਪਾਠ-ਸਾਮੱਗਰੀ**


1. ਦੁਨੀ ਚੰਦਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964
2. ਡਾ. ਹਰਕੀਰਤ ਸਿੰਘ, ਰੂਪਾਂਤਰੀ ਵਿਆਕਰਣ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ।
3. ਪੁਆਰ, ਜੋਗਿੰਦਰ ਸਿੰਘ ਅਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਭਾਗ-III, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1994
4. ਡਾ. ਹਰਕੀਰਤ ਸਿੰਘ ਤੇ ਗਿਆਨੀ ਲਾਲ ਸਿੰਘ, ਕਾਲਿਜ ਪੰਜਾਬੀ ਵਿਆਕਰਣ ਤੇ ਲੇਖ-ਮਾਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।
5. ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਭਾਸ਼ਾ ਵਿਗਿਆਨ: ਤਕਨੀਕੀ ਸ਼ਬਦਾਵਲੀ ਦਾ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ।
6. ਡਾ. ਬਲਦੇਵ ਸਿੰਘ ਚੀਮਾ , ਪੰਜਾਬੀ ਵਾਕ ਪ੍ਰਬੰਧ: ਬਣਤਰ ਅਤੇ ਕਾਰਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
7. ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਂਤ ਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ
8. ਡਾ. ਪਰਮਿੰਦਰ ਸਿੰਘ, ਸਾਹਿਤ ਰੇ ਰੂਪ, ਲਹੌਰ ਬੁੱਕ ਸ਼ਾਪ, ਲੁਧਿਆਣਾ